Meri Sir
22/8/16

ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ..ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇੰਨਫਰਮੇਸ਼ਨ ਅਫਸਰ
-ਕਮ-ਸਕੱਤਰ, ਰੀਜ਼ਨਲ ਟਰਾਂਸਪੋਰਟ ਅਥਾਰਟੀ,
ਜਲੰਧਰ।

ਨੰਬਰ ਵਸਟਕ/ਅਪੀਲ ਨੰਬਰ 127 ਆਫ 2016/ 39450
ਮਿਤੀ 22-8-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਵਸਟਕ/ਅਪੀਲ ਨੰਬਰ 127 ਆਫ 2016/38100 ਮਿਤੀ 10-8-16 ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਦਲਜੀਤ ਸਿੰਘ ਪੰਨੂ, ਪਿੰਡ ਅਤੇ ਡਾਕਖਾਨਾ ਕੋਟ ਬੁੱਢਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ, ਮੰਗਲ ਸਿੰਘ ਪੁੱਤਰ ਸ਼੍ਰੀ ਕੰਧਾਰਾ ਸਿੰਘ ਪਿੰਡ ਤੇ ਡਾਕਖਾਨਾ ਭੰਗਾਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਪ੍ਰਤੀਬੇਨਤੀ ਮਿਤੀ 03-08-2016 ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 12-8-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

3. ਪ੍ਰੰਤੂ ਨਾਂ ਤਾਂ ਆਪ ਹਾਜ਼ਰ ਆਏ ਅਤੇ ਨਾ ਹੀ ਕੋਈ ਸੂਚਨਾ ਭੇਜੀ ਗਈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਆਰ.ਟੀ.ਆਈ ਐਕਟ2005 ਤਹਿਤ ਇੱਕ ਹਫਤੇ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ ਸਕੇ।

ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 127 ਆਫ 2016/ 39451 ਮਿਤੀ: 22-8-16

ਉਤਾਰਾ ਸ਼੍ਰੀ ਦਲਜੀਤ ਸਿੰਘ ਪੰਨੂ, ਪਿੰਡ ਅਤੇ ਡਾਕਖਾਨਾ ਕੋਟ ਬੁੱਢਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ, ਮੰਗਲ ਸਿੰਘ ਪੁੱਤਰ ਸ਼੍ਰੀ ਕੰਧਾਰਾ ਸਿੰਘ ਪਿੰਡ ਤੇ ਡਾਕਖਾਨਾ ਭੰਗਾਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

Mail Sent
10/8/16

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ..ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇਨਫਰਮੇਸ਼ਨ ਅਫਸਰ
-ਕਮ-ਸਕੱਤਰ, ਰੀਜ਼ਨਲ ਟਰਾਂਸਪੋਰਟ ਅਥਾਰਟੀ,
ਜਲੰਧਰ।

ਨੰਬਰ ਵਸਟਕ/ਅਪੀਲ ਨੰਬਰ 127 ਆਫ 2016/ 38100
ਮਿਤੀ 10/8/16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਦਲਜੀਤ ਸਿੰਘ ਪੰਨੂ, ਪਿੰਡ ਅਤੇ ਡਾਕਖਾਨਾ ਕੋਟ ਬੁੱਢਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ, ਮੰਗਲ ਸਿੰਘ ਪੁੱਤਰ ਸ਼੍ਰੀ ਕੰਧਾਰਾ ਸਿੰਘ ਪਿੰਡ ਤੇ ਡਾਕਖਾਨਾ ਭੰਗਾਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਪ੍ਰਤੀਬੇਨਤੀ ਮਿਤੀ 03-08-2016 (ਕਾਪੀ ਨੱਥੀ)ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 12-8-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 127 ਆਫ 2016/ 38101 ਮਿਤੀ: 10/8/16

ਉਤਾਰਾ ਸ਼੍ਰੀ ਦਲਜੀਤ ਸਿੰਘ ਪੰਨੂ, ਪਿੰਡ ਅਤੇ ਡਾਕਖਾਨਾ ਕੋਟ ਬੁੱਢਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ, ਮੰਗਲ ਸਿੰਘ ਪੁੱਤਰ ਸ਼੍ਰੀ ਕੰਧਾਰਾ ਸਿੰਘ ਪਿੰਡ ਤੇ ਡਾਕਖਾਨਾ ਭੰਗਾਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

10/8/16

ਪਹਿਲੀ ਅਪੀਲ

ਮਾਨਯੋਗ ਲੋਕ ਸੂਚਨਾ ਅਫਸਰ
ਡਾਇਰੈਕਟਰ ਸਟੇਟ ਟਰਾਂਸਪੋਰਟ ਕਮਿਸ਼ਨਰ
ਪੰਜਾਬ।

3.8.16

ਵਿਸ਼ਾ:- ਸੂਚਨਾ ਦਾ ਅਧਿਕਾਰ ਐਕਟ ਤਹਿਤ ਮੰਗੀ ਗਈ ਸੂਚਨਾ ਪੂਰੀ ਨਾ ਮਿਲਣ ਤੇ ਪੂਰੀ ਸੂਚਨਾ ਲੈਣ ਲਈ ਅਪੀਲ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਰੀਜਨਲ ਟਰਾਂਸਪੋਰਟ ਅਥਾਰਟੀ ਜਲੰਧਰ ਤੋਂ ਮਿਤੀ 17-7-15 ਨੂੰ ਸੂਚਨਾ ਦੀ ਮੰਗ ਕੀਤੀ ਸੀ ਪਰ ਸੂਚਨਾ ਸਾਨੂੰ ਰਾਜ ਸੂਚਨਾ ਕਮਿਸ਼ਨ ਕੇਸ ਦਾਇਰ ਕਰਕੇ ਲੈਣੀ ਪਈ ਸੀ ਪਰ ਉਹ ਵੀ ਕੁਝ ਅਧੂਰੀ ਸੀ ਅਸੀਂ ਫਿਰ ਮਿਤੀ 16-9-2016 ਨੂੰ ਇਕ ਅਰਜ਼ੀ ਦੇ ਕੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਦੀ ਸੂਚਨਾ ਮੰਗ ਕੀਤੀ ਸੀ, ਦਫਤਰ ਜਾਰੀ ਹੋਏ ਮਿਤੀ 29-01-16 ਪੱਤਰ ਨੰਬਰ 4669 ਜ਼ਿਲ੍ਹਾ ਟਰਾਂਸਪੋਰਟ ਅਫਸਰ ਨੂੰ ਲਿਖਿਆ ਸੀ ਪਰ ਸਾਨੂੰ ਕੋਈ ਵੀ ਸੂਚਨਾ ਜ਼ਿਲ੍ਹਾ ਟਰਾਂਸਪੋਰਟ ਦਫਤਰ ਵਲੋਂ ਨਹੀਂ ਮਿਲੀ ਅਸੀਂ ਮੁੜ ਦੁਬਾਰਾ ਅਰਜ਼ੀ ਦੇ ਕੇ ਵੀ ਲਿਖਿਆ ਕਿ ਸਾਨੂੰ ਜ਼ਿਲ੍ਹਾ ਦਫਤਰ ਤੋਂ ਸੂਚਨਾ ਦਿਵਾਈ ਜਾਵੇ ਜਿਸ ਦੇ ਜਵਾਬ ਵਿਚ ਰੀਜਨਲ ਟਰਾਂਸਪੋਰਟ ਦਫਤਰ ਵਲੋਂ ਮਿਤੀ 8-07-16 ਨੂੰ ਇਕ ਸੂਚਨਾ ਜਿਸਦੀ ਕਾਪੀ ਨਾਲ ਨੱਥੀ ਹੈ ਵਿਚ ਲਿਖਿਆ ਕਿ ਜ਼ਿਲ੍ਹਾ ਟਰਾਂਸਪੋਰਟ ਅਫਸਰ ਨੂੰ ਦੁਬਾਰਾ ਲਿਖ ਦਿਤਾ ਗਿਆ ਹੈ। ਪਰ ਸਾਨੂੰ ਕਿਹਾ ਕਿ ਇਕ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਡੀ. ਟੀ. ਓ. ਤਰਨ ਤਾਰਨ ਵਲੋਂ ਕੋਈ ਸੂਚਨਾ ਨਹੀਂ ਮਿਲੀ।

ਜੋ ਅਸੀਂ ਆਪ ਜੀ ਪਾਸ ਬੇਨਤੀ ਕਰਦੇ ਹਾਂ ਕਿ ਆਪ ਜੀ ਸਾਨੂੰ ਜਲਦੀ ਤੋਂ ਜਲਦੀ ਸੂਚਨਾ ਦਿਵਾਓਗੇ ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ।

ਮਿਤੀ 3-8-2016

ਆਪ ਜੀ ਦੇ ਸ਼ੁਭਚਿੰਤਕ
ਦਲਜੀਤ ਸਿੰਘ ਪੁੱਤਰ
V+P.O ਨੌਸ਼ਹਿਰਾ
ਤਹਿ ਪੱਟੀ ਜ਼ਿਲ੍ਹਾ ਤਰਨ ਤਾਰਨ
ਜੋਗਾ ਸਿੰਘ S/o ਕੈਪਟਨ ਸਿੰਘ
V+P.O ਭੈਣੀ ਤਹਿ ਪੱਟੀ
ਜ਼ਿਲ੍ਹਾ ਤਰਨ ਤਾਰਨ

9K638
77916

ਨੋਟ:- ਡੀ. ਟੀ. ਓ ਸਾਹਿਬ ਤਰਨ ਤਾਰਨ ਨੂੰ ਦਫਤਰ ਰੀਜਨਲ ਟਰਾਂਸਪੋਰਟ ਅਥਾਰਟੀ ਜਲੰਧਰ ਵਲੋਂ ਲਿਖਿਆ। ਪੱਤਰ ਦੀ ਫੋਟੋ ਕਾਪੀ।
2/ ਨੰਬਰ 1899 ਮਿਤੀ 8-7-16 ਨੂੰ ਮਿਲੀ ਸੂਚਨਾ ਦੀ ਫੋਟੋ ਕਾਪੀ ਨੱਥੀ ਹੈ ਜੀ।

# ਦਫਤਰ ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀ, ਜਲੰਧਰ।

ਵੱਲ

1. ਸ਼੍ਰੀ. ਦਲਜੀਤ ਸਿੰਘ ਪੰਨੂੰ,
ਵਾਸੀ ਪਿੰਡ ਤੇ ਡਾ. ਕੋਟ ਬੱਡਾ,
ਤਹਿ. ਪੱਟੀ, ਜ਼ਿਲ੍ਹਾ ਤਰਨ ਤਾਰਨ।
2. ਮੰਗਲ ਸਿੰਘ ਪੁੱਤਰ ਕੰਧਾਰਾ ਸਿੰਘ,
ਪਿੰਡ ਤੇ ਡਾ. ਭੰਗਾਲਾ, ਤਹਿ. ਪੱਟੀ,
ਜ਼ਿਲ੍ਹਾ ਤਰਨ ਤਾਰਨ।

ਨੰ. 1899 1900 /ਆਰ.ਟੀ.ਏ.ਜਲੰਧਰ ਮਿਤੀ: 08/07/18

ਵਿਸ਼ਾ:- ਆਰ.ਟੀ.ਆਈ. ਐਕਟ 2005 ਅਧੀਨ ਸੂਚਨਾ ਮੁਹੱਈਆ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਅਧੀਨ ਮੰਗੀ ਗਈ ਸੂਚਨਾ ਦੇ ਵਿੱਚ ਆਪ ਵੱਲੋਂ ਸਾਰੇ ਹੀ ਸਵਾਲ ਪੁੱਛੇ ਗਏ ਹਨ। ਆਰ.ਟੀ.ਆਈ. ਐਕਟ 2005 ਵਿੱਚ ਸਵਾਲਾਂ ਦਾ ਜੁਆਬ ਦੇਣ ਲਈ ਕੋਈ ਉਪਬੰਧ ਨਹੀਂ ਹੈ। ਆਰ.ਟੀ.ਆਈ. ਐਕਟ ਤਹਿਤ ਸਿਰਫ ਰਿਕਾਰਡ ਦੀਆਂ ਫੋਟੋ ਕਾਪੀਆਂ ਭੇਜੀਆਂ ਜਾ ਸਕਦੀਆਂ ਹਨ। ਜੇਕਰ ਕੋਈ ਪ੍ਰਾਰਥੀ ਲੰਬੀ ਸੂਚਨਾ ਦੀ ਮੰਗ ਕਰਦਾ ਹੈ ਤਾਂ ਆਰ.ਟੀ.ਆਈ. ਐਕਟ ਵਿੱਚ ਇਹ ਵੀ ਉਪਬੰਧ ਹੈ ਕਿ ਪ੍ਰਾਰਥੀ ਨੂੰ ਦਫਤਰੀ ਸਮੇਂ ਦੌਰਾਨ ਦਫਤਰੀ ਰਿਕਾਰਡ ਮੁਹੱਈਆ ਕਰਵਾਇਆ ਜਾਵੇ ਅਤੇ ਪ੍ਰਾਰਥੀ ਆਪਣੀ ਸੂਚਨਾ ਆਪ ਤਿਆਰ ਕਰੇ ਤੇ ਦਫਤਰ ਵੱਲੋਂ ਉਸ ਨੂੰ ਤਸਦੀਕ ਜਾਂਦਾ ਹੈ।

1. ਹਰੇਕ ਬੱਸ ਨੂੰ ਪਹਿਲੇ ਬੱਸ ਅੱਡੇ ਤੋਂ ਚੱਲਣ ਦਾ ਟਾਈਮ ਹੀ ਨਿਸ਼ਚਿਤ ਕੀਤਾ ਜਾਂਦਾ ਹੈ। ਰਸਤੇ ਦੇ ਬੱਸ ਅੱਡਿਆਂ ਦਾ ਕੋਈ ਟਾਈਮ ਨਿਸ਼ਚਿਤ ਨਹੀਂ ਕੀਤਾ ਜਾਂਦਾ। ਚਾਲੂ ਪ੍ਰਥਾ ਅਨੁਸਾਰ ਮਿੰਨੀ ਬੱਸ ਨੂੰ ਇੱਕ ਕਿਲੋਮੀਟਰ ਦਾ ਸਫਰ ਤਹਿ ਕਰਨ ਲਈ ਦੋ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ।
2. ਡੀ.ਟੀ.ਓ. ਤਰਨ ਤਾਰਨ ਨੂੰ ਸੂਚਨਾ ਦੇਣ ਬਾਰੇ ਇਸ ਦਫਤਰ ਵੱਲੋਂ ਦੁਬਾਰਾ ਲਿਖ ਦਿੱਤਾ ਗਿਆ ਹੈ।
3. ਕੀ ਦਾ ਜੁਆਬ ਦੇਣ ਲਈ ਆਰ.ਟੀ.ਆਈ. ਐਕਟ ਵਿੱਚ ਕੋਈ ਉਪਬੰਧ ਨਹੀਂ ਹੈ। ਪ੍ਰੰਤੂ ਫਿਰ ਵੀ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਜੇ ਕੋਈ ਵਹੀਕਲ ਸੜਕ ਤੇ ਚੱਲਣ ਯੋਗ ਨਹੀਂ ਹੈ ਤਾਂ ਉਸ ਸਬੰਧੀ ਸਬੰਧਤ ਜ਼ਿਲ੍ਹਾ ਟਰਾਂਸਪੋਰਟ ਅਫਸਰ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਉਹ ਕਾਰਵਾਈ ਕਰਦੇ ਹਨ। ਇਸ ਦੇ ਨਾਲ ਹੀ ਜੇਕਰ ਅਜਿਹਾ ਕੋਈ ਵਹੀਕਲ ਸੜਕ ਦੇ ਚੱਲਦਾ ਪਾਇਆ ਜਾਂਦਾ ਹੈ ਤਾਂ ਇਸ ਵਿਭਾਗ ਵੱਲੋਂ ਉਸ ਦੇ ਖਿਲਾਫ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ।
4. ਇਸ ਸਬੰਧੀ ਉਕਤ ਟਾਈਮ ਟੇਬਲ ਸਾਲ 2011 ਵਿੱਚ ਬਣਿਆ ਸੀ ਅਤੇ ਦਫਤਰੀ ਪ੍ਰਥਾ ਅਨੁਸਾਰ ਟਾਈਮ ਟੇਬਲ ਅਪਰੇਟਰਾਂ ਵੱਲੋਂ ਆਪਣੀ ਸਹਿਮਤੀ ਨਾਲ ਬਣਾਇਆ ਜਾਂਦਾ ਹੈ। ਜੋ ਟਾਈਮ ਟੇਬਅ ਸਾਲ 2011 ਵਿੱਚ ਬਣਾਇਆ ਗਿਆ ਹੈ (ਫੋਟੋ ਕਾਪੀ ਜੋ ਤੁਹਾਡੇ ਵੱਲੋਂ ਭੇਜੀ ਗਈ ਹੈ) ਉਸ ਮੁਤਾਬਿਕ ਇਸ ਟਾਈਮ ਟੇਬਲ ਤੇ ਸਾਰੇ ਅਪਰੇਟਰਾਂ ਦੀ ਸਹਿਮਤੀ ਤੇ ਦਸਤਖਤ ਹਨ। ਉਕਤ ਟਾਈਮ ਟੇਬਲ ਵਿੱਚ ਸੁਖਣੀ ਬੱਸ ਨੂੰ 7-8 ਮਿੰਟ ਕਿਉਂ ਦਿੱਤੇ ਗਏ ਇਸ ਬਾਰੇ ਦਫਤਰ ਵਿੱਚ ਲਿਖਤੀ ਤੌਰ ਤੇ ਕੋਈ ਵੀ ਰਿਕਾਰਡ ਉਪਲੱਬਧ ਨਹੀਂ ਹੈ ਅਤੇ ਨਾ ਹੀ ਅੱਜ ਤੱਕ ਸਬੰਧਤ ਅਪਰੇਟਰਾਂ ਵੱਲੋਂ ਇਸ ਸਬੰਧੀ ਕੋਈ ਇਤਰਾਜ ਜਾਂ ਸ਼ਿਕਾਇਤ ਇਸ ਦਫਤਰ ਵਿੱਚ ਦਿੱਤੀ ਗਈ ਹੈ। ਜੇਕਰ ਕੋਈ ਰਿਕਾਰਡ ਉਪਲੱਬਧ ਹੁੰਦਾ ਤਾਂ ਤੁਹਾਨੂੰ ਉਸ ਦੀ ਫੋਟੋ ਕਾਪੀ ਭੇਜ ਦਿੱਤੀ ਜਾਂਦੀ।
5. ਟਾਈਮ ਟੇਬਲ ਬਣਾਉਣ ਸਮੇਂ ਸਾਰੇ ਕਾਗਜ਼ਾਤ ਚੈਕ ਕੀਤੇ ਜਾਂਦੇ ਹਨ ਜੋ ਗੱਡੀ ਪਰਮਿਟ ਤੇ ਦਰਜ ਹੈ ਉਸ ਨੂੰ ਟਾਈਮ ਦੇਣਾ ਬਣਦਾ ਹੈ। ਵਹੀਕਲ ਸੜਕ ਤੇ ਚੱਲ ਸਕਦਾ ਹੈ ਜਾਂ ਨਹੀਂ ਇਸ ਬਾਰੇ ਮੋਟਰ ਵਹੀਕਲ ਇੰਸਪੈਕਟਰ ਵੱਲੋਂ ਰਿਪੋਰਟ ਕਰਨ ਉਪਰੰਤ ਜ਼ਿਲ੍ਹਾ ਟਰਾਂਸਪੋਰਟ ਅਫਸਰ ਵੱਲੋਂ ਸਰਟੀਫਿਕੇਟ ਦਿੱਤਾ ਜਾਂਦਾ ਹੈ। ਇਸ ਦਫਤਰ ਵੱਲੋਂ ਟਾਈਮ ਟੇਬਲ ਬਣਾਉਣ ਸਮੇਂ ਮੌਕੇ ਤੇ ਕੋਈ ਵਹੀਕਲ ਹਾਜ਼ਰ ਨਹੀਂ ਕਰਵਾਇਆ ਜਾਂਦਾ।
6. ਇਸ ਦਫਤਰ ਵੱਲੋਂ ਤੁਹਾਨੂੰ ਦਫਤਰੀ ਰਿਕਾਰਡ ਮੁਤਾਬਿਕ ਪਰਮਿਟਾਂ ਦੀ ਲਿਸਟ ਦਿੱਤੀ ਗਈ ਹੈ। ਜਨਰਲ ਮੈਨੇਜਰ ਵੱਲੋਂ ਦਿੱਤੀ ਗਈ ਲਿਸਟ ਬਾਰੇ ਜਨਰਲ ਮੈਨੇਜਰ ਤੋਂ ਪਤਾ ਕੀਤਾ ਜਾਵੇ।
7. ਹਰੇਕ ਸਵਾਰੀ ਨੂੰ ਕਾਗਜ਼ ਦਿਖਾਉਣ ਸਬੰਧੀ ਮੋਟਰ ਵਹੀਕਲ ਐਕਟ ਵਿੱਚ ਕੋਈ ਉਪਬੰਧ ਨਹੀਂ ਹੈ।
8. ਕੋਈ ਵੀ ਸਵਾਰੀ ਡਰਾਈਵਰ ਦਾ ਲਾਇਸੈਂਸ ਉਸ ਦੀ ਸਹਿਮਤੀ ਨਾਲ ਦੇਖ ਸਕਦਾ ਹੈ। ਪ੍ਰੰਤੂ ਇਹ ਜਰੂਰੀ ਨਹੀਂ ਹੈ ਕਿ ਡਰਾਈਵਰ ਹਰੇਕ ਸਵਾਰੀ ਨੂੰ ਆਪਣਾ ਲਾਇਸੈਂਸ ਚੈਕ ਕਰਾਵੇ। ਕਿਉਂਕਿ ਮੋਟਰ ਵਹੀਕਲ ਐਕਟ ਵਿੱਚ ਇਸ ਤਰ੍ਹਾਂ ਦਾ ਕੋਈ ਉਪਬੰਧ ਦਰਜ ਨਹੀਂ ਹੈ।
9. ਆਪ ਵੱਲੋਂ ਜੋ ਪਰਮਿਟ ਪੱਤਰ ਦੇ ਅੰਤ ਵਿੱਚ ਲਿਖੇ ਗਏ ਹਨ ਮੋਟਰ ਵਹੀਕਲ ਰੂਲ ਮੁਤਾਬਿਕ ਇਹ ਪਰਮਿਟ ਖਤਮ ਹੋ ਚੁੱਕੇ ਹਨ। ਜੇਕਰ ਇਹ ਪਰਮਿਟ ਰੀਨਿਊ ਨਹੀਂ ਹੋਏ ਤਾਂ ਇਹ ਚੱਲਣ ਯੋਗ ਨਹੀਂ ਹਨ।

*ਸਕੱਤਰ,*
*ਰਿਜ਼ਨਲ ਟਰਾਂਸਪੋਰਟ ਅਥਾਰਟੀ,*
*ਜਲੰਧਰ।*

## ਦਫਤਰ, ਸਕੱਤਰ, ਰਿਜ਼ਨਲ ਟ੍ਰਾਂਸਪੋਰਟ ਅਥਾਰਟੀ, ਜਲੰਧਰ।

ਵੱਲ,

ਜ਼ਿਲ੍ਹਾ ਟਰਾਂਸਪੋਰਟ ਅਫਸਰ,
ਤਰਨ ਤਾਰਨ।

ਨੰ. ................/ਆਰ.ਟੀ.ਏ.ਜਲੰਧਰ ਮਿਤੀ: ....................

ਵਿਸ਼ਾ:- ਆਰ.ਟੀ.ਆਈ. ਐਕਟ 2005 ਅਧੀਨ ਸੂਚਨਾ ਭੇਜਣ ਬਾਰੇ।

ਉਪਰੋਕਤ ਵਿਸ਼ੇ ਅਧੀਨ ਪ੍ਰਾਰਥੀ ਵੱਲੋਂ ਪੱਟੀ ਤੋਂ ਭੰਗਾਲਾ ਰੂਟ ਤੇ ਚੱਲਣ ਵਾਲੀਆਂ ਗੱਡੀਆਂ ਦੇ ਟੈਕਸਾਂ ਬਾਰੇ ਸੂਚਨਾ ਇਸ ਦਫਤਰ ਤੋਂ ਮੰਗੀ ਗਈ ਸੀ, ਜੋ ਆਪ ਦੇ ਦਫਤਰ ਨਾਲ ਸਬੰਧਤ ਹੈ। ਉਕਤ ਰੂਟ ਤੇ ਜਾਰੀ ਪਰਮਿਟਾਂ ਦੀ ਲਿਸਟ ਸਮੇਤ ਗੱਡੀ ਨੰ. ਤੁਹਾਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਦੀ ਸੂਚਨਾ ਤੁਰੰਤ ਪ੍ਰਾਰਥੀ ਸ਼੍ਰੀ ਮੰਗਲ ਸਿੰਘ ਪੁੱਤਰ ਕੰਧਾਰਾ ਸਿੰਘ, ਪਿੰਡ ਤੇ ਡਾ. ਭੰਗਾਲਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਅਤੇ ਇਸ ਦਫਤਰ ਨੂੰ ਭੇਜੀ ਜਾਵੇ।

*ਸਕੱਤਰ*
*ਰਿਜ਼ਨਲ ਟਰਾਂਸਪੋਰਟ ਅਥਾਰਟੀ,*
*ਜਲੰਧਰ।*

ਪਿੱਠ ਅੰਕਣ ਨੰ. ੯੬੬੯..../ਆਰ.ਟੀ.ਏ.ਜਲੰਧਰ ਮਿਤੀ: ...੨੯/01/16

ਉਪਰੋਕਤ ਦਾ ਉਤਾਰਾ ਸ਼੍ਰੀ ਮੰਗਲ ਸਿੰਘ ਪੁੱਤਰ ਕੰਧਾਰਾ ਸਿੰਘ, ਪਿੰਡ ਤੇ ਡਾ. ਭੰਗਾਲਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

*ਸਕੱਤਰ*
*ਰਿਜ਼ਨਲ ਟਰਾਂਸਪੋਰਟ ਅਥਾਰਟੀ,*
*ਜਲੰਧਰ।*